| ਚੌਥੀ ਜਮਾਤ ਦੀ ਟੈਸਟਿੰਗ ਲਈ ਵਾਕ | | | |
|---|---|---|---|
| 1 | ਪਿੰਡ ਵਿੱਚ ਕੁੜੀ ਦਾ ਵਿਆਹ ਸੀ। | 31 | ਉਸ ਨੇ ਡੰਡੇ ਉੱਤੇ ਨਿਸ਼ਾਨਾ ਮਾਰਿਆ। |
| 2 | ਪਿੰਡ ਦੇ ਲੋਕ ਅੱਗ ਬੁਝਾ ਰਹੇ ਸਨ। | 32 | ਉਹ ਘੁੱਤੀ ਦੇ ਪਿੱਛੇ ਖੜ੍ਹਾ ਸੀ। |
| 3 | ਬੁੱਧੂ ਨੇ ਨਾਨਕੇ ਜਾਣ ਦੀ ਜ਼ਿਦ ਕੀਤੀ। | 33 | ਡੰਡੇ ਦੀ ਲੰਬਾਈ ਢਾਈ ਫੁੱਟ ਸੀ। |
| 4 | ਸ਼ਿਕਾਰੀ ਨੂੰ ਗੁੱਸਾ ਚੜ੍ਹ ਗਿਆ। | 34 | ਬੱਚੇ ਨੇ ਗੇਂਦ ਨੂੰ ਟੁੱਲਾ ਮਾਰਿਆ। |
| 5 | ਮੇਰੇ ਖੰਭ ਰੰਗ-ਬਿਰੰਗੇ ਹਨ। | 35 | ਸਾਡੇ ਪਿੰਡ ਹਾਥੀ ਆਇਆ ਸੀ। |
| 6 | ਮੈਂ ਘਰ ਦਾ ਰਾਹ ਨਹੀਂ ਭੁੱਲਦਾ। | 36 | ਹਾਥੀ ਨੂੰ ਵੇਖ ਕੇ ਕੁੱਤੇ ਭੌਂਕਦੇ ਸਨ। |
| 7 | ਮੈਂ ਅਮਨ ਦਾ ਗੀਤ ਗਾਉਂਦਾ ਹਾਂ। | 37 | ਹਾਥੀ ਦੀ ਸੁੰਡ ਸਰਾਲ ਵਰਗੀ ਸੀ। |
| 8 | ਮੈਨੂੰ ਲੋਕ ਚੀਨਾ ਵੀ ਆਖਦੇ ਹਨ। | 38 | ਉਸ ਨੇ ਚਾਰਾ ਲਿਤਾੜ ਦਿੱਤਾ। |
| 9 | ਗ਼ਲਤ ਆਦਤ ਸਾਨੂੰ ਤੰਗ ਕਰਦੀ ਹੈ। | 39 | ਹਾਥੀ ਦੇ ਕੰਨ ਛੱਜਾਂ ਵਰਗੇ ਸਨ। |
| 10 | ਸਾਡੇ ਮਾਤਾ ਜੀ ਰਸੋਈ ਵਿੱਚ ਹਨ। | 40 | ਈਦਗਾਹ ਦੇ ਬਾਹਰ ਮੇਲਾ ਲੱਗਾ ਸੀ। |
| 11 | ਫ਼ਲ ਸਿਹਤ ਲਈ ਚੰਗਾ ਹੁੰਦਾ ਹੈ। | 41 | ਸੁਹੇਲ ਨੇ ਇੱਕ ਜਹਾਜ਼ ਖ਼ਰੀਦਿਆ। |
| 12 | ਚੰਗੇ ਬੱਚੇ ਰੋਜ਼ ਦੁੱਧ ਪੀਂਦੇ ਹਨ। | 42 | ਸ਼ਬਨਮ ਦੀ ਚੁੰਨੀ ਗੋਟੇ ਵਾਲੀ ਹੈ। |
| 13 | ਇਹ ਖੇਤ ਜਗੀਰੇ ਦੇ ਹਨ। | 43 | ਬਜ਼ਾਰਾਂ ਵਿੱਚ ਬੜੀ ਰੌਣਕ ਸੀ। |
| 14 | ਮੰਗੂ ਤੇ ਵੀਰੂ ਘਾਹ ਚਰਦੇ ਸਨ। | 44 | ਸਾਡੇ ਘਰ ਸੇਵੀਆਂ ਪੱਕੀਆਂ ਹਨ। |
| 15 | ਇਥੋਂ ਸਾਰੇ ਰੁੱਖ ਮੁੱਕ ਜਾਣਗੇ। | 45 | ਉਸ ਰਾਤ ਚੰਨ ਦਿਖਾਈ ਨਹੀਂ ਦਿੱਤਾ। |
| 16 | ਇਸ ਤਰ੍ਹਾਂ ਧਰਤੀ ਬੰਜਰ ਹੋ ਜਾਵੇਗੀ। | 46 | ਸਭ ਲੋਕ ਕਤਾਰਾਂ ਵਿੱਚ ਖੜ੍ਹੇ ਸਨ। |
| 17 | ਇਥੋਂ ਦੀ ਹਵਾ ਵੀ ਠੀਕ ਨਹੀਂ ਹੈ। | 47 | ਅੱਬਾ ਨੇ ਖ਼ੁਦਾ ਤੋਂ ਦੁਆ ਮੰਗੀ। |
| 18 | ਸ਼ਹਿਦ ਦੀ ਮੱਖੀ ਭੀਂ-ਭੀਂ ਕਰਦੀ ਹੈ। | 48 | ਚਿੜੀਆਂ ਤਾਂ ਮਰ ਗਈਆਂ ਹਨ। |
| 19 | ਸ਼ਹਿਦ ਫੁੱਲਾਂ ਤੋਂ ਬਣਦਾ ਹੈ। | 49 | ਜਸ਼ਨ ਕਾਰਟੂਨ ਵੇਖ ਰਿਹਾ ਸੀ। |
| 20 | ਸ਼ਹਿਦ ਦੀ ਮੱਖੀ ਤੇਜ਼ ਉੱਡਦੀ ਹੈ। | 50 | ਉਹ ਨਹਿਰ ਦੀ ਪਟੜੀ ਤੇ ਚੜ੍ਹ ਗਏ। |
| 21 | ਉਹ ਫੁੱਲਾਂ ਨੂੰ ਪਰਾਗ ਵੰਡਦੀ ਹੈ। | 51 | ਇਹ ਪੰਛੀ ਬਹੁਤ ਪਿਆਰੇ ਹਨ। |
| 22 | ਉਹ ਮਿੱਟੀ ਦੇ ਘਰ ਬਣਾਉਂਦਾ ਸੀ। | 52 | ਕਈ ਪੰਛੀ ਬਹੁਤ ਦੂਰ ਤੋਂ ਆਉਂਦੇ ਹਨ। |
| 23 | ਇਹ ਨਿੱਕੀ ਜਿਹੀ ਘਟਨਾ ਸੀ। | 53 | ਨਹਿਰ ਅਬਾਦੀ ਤੋਂ ਕਾਫ਼ੀ ਦੂਰ ਸੀ। |
| 24 | ਮੇਰੇ ਤਾਇਆ ਜੀ ਸ਼ਹਿਰ ਗਏ। | 54 | ਗੁਰਮੇਲ ਨੇ ਵੀ ਬੂਟ ਕੱਸ ਲਏ। |
| 25 | ਸੁਖਦੇਵ ਨੇ ਸਲਾਮੀ ਨਾ ਦਿੱਤੀ। | 55 | ਅੱਜ ਤੇਰਾ ਜ਼ੋਰ ਵੇਖਦੇ ਹਾਂ। |
| 26 | ਇੱਕ ਬੱਚਾ ਖੂਹ ਵਿੱਚ ਡਿੱਗ ਪਿਆ। | 56 | ਸਾਨੂੰ ਖ਼ਾਸ ਸਮਾਨ ਦੀ ਜ਼ਰੂਰਤ ਹੈ। |
| 27 | ਸਰਕਾਰ ਵੱਲੋਂ ਹੁਕਮ ਆਏ ਸਨ। | 57 | ਨੌਜਵਾਨ ਗੁੱਸੇ ਨਾਲ ਭਰ ਗਏ। |
| 28 | ਸੁਖਦੇਵ ਭਗਤ ਸਿੰਘ ਦਾ ਆੜੀ ਸੀ। | 58 | ਕਿਰਸਾਣ ਦੇ ਹੱਥ ਵਿੱਚ ਬਾਲਟੀ ਸੀ। |
| 29 | ਖਿਡਾਰੀ ਦੀ ਵਾਰੀ ਖ਼ਤਮ ਹੋ ਗਈ। | 59 | ਉਸ ਨੂੰ ਨਿਕੰਮਾ ਨਾ ਕਹੋ। |
| 30 | ਖਿਡਾਰੀ ਨੇ ਗੁੱਲੀ ਬੋਚ ਲਈ। | 60 | ਸ਼ਿਕਾਰੀ ਗੁੱਸੇ ਨਾਲ਼ ਭਰ ਗਏ। |

## ਚੌਥੀ ਜਮਾਤ ਦੀ ਟੈਸਟਿੰਗ ਲਈ ਵਾਕ

| | | | |
|---|---|---|---|
| 61 | ਅੱਗੇ ਤੁਰਦਿਆਂ ਬੁੱਧੂ ਨੇ ਕੂਕ ਮਾਰੀ। | 91 | ਦਸੰਬਰ ਵਿੱਚ ਅੱਤ ਦੀ ਸਰਦੀ ਸੀ। |
| 62 | ਇਹ ਨੌਜਵਾਨ ਦੀ ਅਰਥੀ ਸੀ। | 92 | ਉਹਨਾਂ ਨੇ ਸ਼ਾਂਤੀ ਨਾਲ ਗੱਲ ਸੁਣੀ। |
| 63 | ਕਿਰਸਾਣ ਬੁੱਧੂ ਤੇ ਖਿਝ ਗਿਆ। | 93 | ਇਹ ਕੁਰਬਾਨੀ ਬਹੁਤ ਵੱਡੀ ਹੈ। |
| 64 | ਮਾਂ ਨੇ ਬੁੱਧੂ ਨੂੰ ਨਾ ਡਾਂਟਿਆ। | 94 | ਉਹਨਾਂ ਨੂੰ ਨੀਹਾਂ ਵਿੱਚ ਚਿਣਿਆ ਗਿਆ। |
| 65 | ਇਹ ਵਿਹਲਾ ਹੀ ਘੁੰਮਦਾ ਹੈ। | 95 | ਉਹਨਾਂ ਦੇ ਪਿਤਾ ਗੁਰੂ ਤੇਗ ਬਹਾਦਰ ਸਨ। |
| 66 | ਰਾਮ ਨੂੰ ਪੜ੍ਹਨੇ ਪਾ ਦਿੱਤਾ ਹੈ। | 96 | ਬਜ਼ੁਰਗ ਨੇ ਆਪਣੀ ਕਹਾਣੀ ਦੱਸੀ। |
| 67 | ਬੁੱਧੂ ਤਾਂ ਸਿੱਧੜ ਹੀ ਸੀ। | 97 | ਉਸ ਦਾ ਪੋਤਰਾ ਟਿਕ ਕੇ ਨਾ ਬੈਠਾ। |
| 68 | ਅੱਗ ਉੱਪਰ ਪਾਣੀ ਨਾ ਪਾਓ। | 98 | ਇਸਦੇ ਅੱਖਰ ਸੁਨਿਹਰੀ ਹਨ। |
| 69 | ਜੁੱਤੀ ਤੁਰਨ ਵੇਲੇ ਚੀਂ-ਚੀਂ ਕਰਦੀ। | 99 | ਇਹ ਮਸ਼ੀਨ ਜੋੜ ਕਰ ਸਕਦੀ ਹੈ। |
| 70 | ਬੁੱਧੂ ਨੇ ਨਵੇਂ ਕੱਪੜੇ ਪਾ ਲਏ। | 100 | ਦਫ਼ਤਰ ਵਿੱਚ ਅਨੇਕਾਂ ਕੰਮ ਹੁੰਦੇ ਹਨ। |
| 71 | ਤੂੰ ਤਾਂ ਬਹੁਤ ਹੁਸ਼ਿਆਰ ਹੋ ਗਿਆ। | 101 | ਉਹ ਥੱਕੇ ਹੋਏ ਲਗਦੇ ਸਨ। |
| 72 | ਸਾਰੇ ਅਨਪੜ੍ਹ ਬੁੱਧੂ ਨਹੀਂ ਹੁੰਦੇ। | 102 | ਇਸ ਨੂੰ ਸਿੱਖਣਾ ਬਹੁਤ ਜ਼ਰੂਰੀ ਹੈ। |
| 73 | ਬੁੱਧੂ ਆਪਣੇ ਨਾਨਕੇ ਪਹੁੱਚ ਗਿਆ। | 103 | ਇਸ ਤੋਂ ਬਿਨਾਂ ਸਿੱਖਿਆ ਅਧੂਰੀ ਹੈ। |
| 74 | ਮੇਰੀ ਆਪ-ਬੀਤੀ ਵੀ ਸੁਣ ਲਵੋ। | 104 | ਇਹ ਮਸ਼ੀਨ ਬਹੁਤ ਸਸਤੀ ਹੈ। |
| 75 | ਮੈਨੂੰ ਬੋਲਣ ਦੀ ਲੋੜ ਨਹੀਂ ਸੀ। | 105 | ਦੀਪੀ ਨੇ ਬਾਤ ਬੁੱਝ ਲਈ ਸੀ। |
| 76 | ਨਾਨੀ ਦੀ ਗੱਲ ਸਮਝ ਆ ਗਈ। | 106 | ਇਹ ਕਮਾਂਡ ਤੇ ਕੰਮ ਕਰਦਾ ਹੈ। |
| 77 | ਮਾਂ ਨੇ ਮੈਨੂੰ ਬੁੱਕਲ ਵਿੱਚ ਲਿਆ। | 107 | ਮਿਊਜ਼ਿਕ ਬਹੁਤ ਮਿੱਠਾ ਹੈ। |
| 78 | ਅਸਾਮ ਇੱਥੋਂ ਬਹੁਤ ਦੂਰ ਹੈ। | 108 | ਉਹ ਕੇਵਲ ਗਾਉਂਦਾ ਹੀ ਹੈ। |
| 79 | ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। | 109 | ਬਰਸਾਤ ਨਾਲ ਘੱਟਾ ਬੈਠ ਗਿਆ। |
| 80 | ਗੰਗੂ ਦਾ ਪਿੰਡ ਸਹੇੜੀ ਸੀ। | 110 | ਉਹ ਕੁਝ ਸਿੱਖਣ ਲੱਗ ਗਿਆ। |
| 81 | ਮਾਤਾ ਜੀ ਪਟਨੇ ਹੀ ਟਿਕੇ ਰਹੇ। | 111 | ਇਹ ਅਜਬ ਕਰਾਮਾਤ ਹੈ। |
| 82 | ਮਾਤਾ ਦਾ ਨਾਮ ਬਿਸ਼ਨ ਕੌਰ ਸੀ। | 112 | ਖਜੂਰ ਦਾ ਰੁੱਖ ਤੀਹ ਫੁੱਟ ਉੱਚਾ ਸੀ। |
| 83 | ਉਹਨਾਂ ਦੀ ਉਮਰ ਕੇਵਲ ਨੌਂ ਸਾਲ ਸੀ। | 113 | ਪੰਜਾਬ ਤੇ ਹਮਲਾ ਹੋ ਗਿਆ। |
| 84 | ਗੰਗੂ ਲਾਲਚ ਵਿੱਚ ਆ ਗਿਆ। | 114 | ਇਹ ਸਾਡੀ ਵਿਰਾਸਤ ਦਾ ਹਿੱਸਾ ਹੈ। |
| 85 | ਉਹਨਾਂ ਨੂੰ ਬੜੇ ਲਾਲਚ ਦਿੱਤੇ ਗਏ। | 115 | ਖਜੂਰ ਦੀ ਨਸਲ ਨਸ਼ਟ ਹੋ ਗਈ ਹੈ। |
| 86 | ਸਰਹਿੰਦ ਦਾ ਸੂਬਾ ਬਹੁਤ ਜ਼ਾਲਮ ਸੀ। | 116 | ਪੱਖੀ ਖਜੂਰ ਦੀ ਬਣੀ ਹੋਈ ਹੈ। |
| 87 | ਮਾਤਾ ਜੀ ਬਹੁਤ ਬਿਰਧ ਸਨ। | 117 | ਇਹ ਕਾਫ਼ੀ ਲਚਕਦਾਰ ਸੀ। |
| 88 | ਉਹਨਾਂ ਨੇ ਜ਼ੁਲਮ ਦਾ ਮੁਕਾਬਲਾ ਕੀਤਾ। | 118 | ਝਾੜੂ ਬਜ਼ਾਰ ਵਿੱਚ ਵਿਕਦੇ ਹਨ। |
| 89 | ਇਹ ਖ਼ਬਰ ਸਰਹਿੰਦ ਤੋਂ ਆਈ ਸੀ। | 119 | ਸ਼ਹਿਰਾਂ ਵਿੱਚ ਹਵਾ ਨਹੀਂ ਵਗਦੀ। |
| 90 | ਉਹਨਾਂ ਨੂੰ ਠੰਡੇ ਬੁਰਜ ਵਿੱਚ ਰੱਖਿਆ। | 120 | ਇਹ ਸਤੰਬਰ ਤੱਕ ਇਥੇ ਰਹੇਗਾ। |

## ਚੌਥੀ ਜਮਾਤ ਦੀ ਟੈਸਟਿੰਗ ਲਈ ਵਾਕ

| | |
|---|---|
| 121 | ਇਹ ਨਵੇਂ ਯੁੱਗ ਦੀ ਸ਼ੁਰੂਆਤ ਹੈ। |
| 122 | ਇਹ ਖਜੂਰ ਬਹੁਤ ਮਿੱਠ ਹੈ। |
| 123 | ਇਹ ਦਰਖ਼ਤ ਇਥੋਂ ਦਾ ਹੀ ਹੈ। |
| 124 | ਉਹ ਤੁਹਾਨੂੰ ਨਹੀਂ ਜਾਣਦੀ ਸੀ। |
| 125 | ਮੁਟਿਆਰ ਆਪਣੇ ਘਰ ਗਈ। |
| 126 | ਇਸ ਦੀ ਪੈਦਾਵਾਰ ਬੰਦ ਹੈ। |
| 127 | ਸਾਡੇ ਨਾਲ ਪੰਛੀ ਰੁੱਸ ਜਾਣਗੇ। |
| 128 | ਰੁੱਖ ਧਰਤੀ ਮਾਂ ਦੀ ਸ਼ਾਨ ਹਨ। |
| 129 | ਪੰਛੀ ਦਾ ਆਲ੍ਹਣਾ ਟੁੱਟ ਗਿਆ। |
| 130 | ਫਿਰ ਮੈਂ ਆਪਣੀ ਜਾਨ ਬਚਾਈ। |
| 131 | ਸਾਫ਼ ਹਵਾ ਕਿਧਰੇ ਨਹੀਂ ਲੱਭਦੀ। |
| 132 | ਰੁੱਖ ਸਾਡੇ ਪਾਲਣਹਾਰੇ ਹਨ। |
| 133 | ਰੁੱਖਾਂ ਤੋਂ ਫਲ਼ ਮਿਲਦੇ ਹਨ। |
| 134 | ਮਗਰਮੱਛ ਨੇ ਦੰਦ ਸਾਫ਼ ਕੀਤੇ। |
| 135 | ਪੰਛੀ ਨੇ ਪੇਟ ਭਰ ਕੇ ਭੋਜਨ ਕੀਤਾ। |
| 136 | ਉਸ ਨੇ ਪੰਛੀਆਂ ਨੂੰ ਭਰੋਸਾ ਦਿੱਤਾ। |
| 137 | ਬਾਬਾ ਜੀ ਉੱਘੇ ਦੇਸ਼ ਭਗਤ ਸਨ। |
| 138 | ਬਾਬਾ ਜੀ ਆਪਣੇ ਖੇਤਾਂ ਵੱਲ ਗਏ। |
| 139 | ਇਹ ਬੱਚੇ ਮੇਰੀ ਸੰਤਾਨ ਹਨ। |
| 140 | ਘਰ ਨਾਲ਼ੋਂ ਸਕੂਲ ਚੰਗਾ ਹੁੰਦਾ ਹੈ। |
| 141 | ਉਸ ਨੇ ਮੱਝ ਵੱਲ ਇਸ਼ਾਰਾ ਕੀਤਾ। |
| 142 | ਇਥੇ ਬੱਚਿਆਂ ਦੀ ਜ਼ਿੰਦਗੀ ਬਣਦੀ ਹੈ। |
| 143 | ਮਿਸਤਰੀ ਗਾਡਰ ਲੈ ਕੇ ਆਇਆ। |
| 144 | ਬੂਟੇ ਨੂੰ ਇੱਕ ਵਾਰ ਆੜੂ ਲੱਗਾ। |
| 145 | ਉਹ ਸਾਰੀ ਉਮਰ ਝੁੱਗੀ ਵਿੱਚ ਰਹੇ। |
| 146 | ਉਹ ਜਨਤਾ ਦਾ ਸੱਚਾ ਹਮਦਰਦ ਸੀ। |
| 147 | ਇਹ ਬੜਾ ਆਲੀਸ਼ਾਨ ਘਰ ਹੈ। |
| 148 | ਲੋਹੜੀ ਮੰਗਣ ਵਾਲੇ ਮੱਝ ਲੈ ਗਏ। |
| 149 | ਇੱਥੇ ਬਸੰਤ ਦਾ ਮੇਲਾ ਲੱਗਾ ਹੈ। |
| 150 | ਸਰ੍ਹੋਂ ਦੇ ਫੁੱਲ ਬਹੁਤ ਸੁੰਦਰ ਹਨ। |

| | |
|---|---|
| 151 | ਇਹ ਤਾਂ ਰੰਗਾਂ ਦਾ ਦਰਿਆ ਹੈ। |
| 152 | ਅਕਾਸ਼ ਵਿੱਚ ਪੰਛੀ ਉੱਡ ਰਹੇ ਹਨ। |
| 153 | ਅਸੀਂ ਰਲ਼ ਕੇ ਬਸੰਤ ਮਨਾਈ। |
| 154 | ਸਰ੍ਹੋਂ ਦੇ ਫੁੱਲ ਟਹਿਕ ਰਹੇ ਹਨ। |
| 155 | ਪਤੰਗਾਂ ਦਾ ਪੇਚਾ ਪੈ ਗਿਆ। |
| 156 | ਆਓ ਖਿੜ-ਖਿੜ ਹੱਸੀਏ। |
| 157 | ਸਤਰੰਗੀ ਪੀਂਘ ਬਹੁਤ ਪਿਆਰੀ ਹੈ। |
| 158 | ਤੇਰੀ ਡੋਰ ਬਹੁਤ ਪੱਕੀ ਹੈ। |
| 159 | ਇਹ ਕੋਈ ਪੁਰਾਣਾ ਸ਼ਹਿਰ ਨਹੀਂ ਹੈ। |
| 160 | ਇਹ ਮਹਾਤਮਾ ਗਾਂਧੀ ਦਾ ਬੁੱਤ ਹੈ। |
| 161 | ਉਸ ਚੌਂਕ ਵਿੱਚ ਫੁਹਾਰਾ ਹੈ। |
| 162 | ਇਹ ਕਾਗਜ਼ ਬਹੁਤ ਜ਼ਰੂਰੀ ਹੈ। |
| 163 | ਇਹ ਪੰਜਾਬ ਦਾ ਵੱਡਾ ਸ਼ਹਿਰ ਹੈ। |
| 164 | ਅਸੀਂ ਕਾਲੀ ਦੇਵੀ ਦੇ ਮੰਦਰ ਗਏ। |
| 165 | ਮੈਂ ਸ਼ੀਸ਼ੇ ਵਿੱਚ ਚਿਹਰਾ ਵੇਖਿਆ। |
| 166 | ਇਹ ਸਭ ਤੋਂ ਪੁਰਾਣਾ ਬਜ਼ਾਰ ਹੈ। |
| 167 | ਇਹ ਤੋਪ ਬਹੁਤ ਪੁਰਣੀ ਹੈ। |
| 168 | ਇੱਕ ਗੁਟਾਰ ਉੱਡ ਕੇ ਆਈ। |
| 169 | ਉਸ ਨੇ ਦੂਰ ਤੱਕ ਉਡਾਰੀ ਭਰੀ। |
| 170 | ਇਹ ਫ਼ਾਇਦੇ ਵਾਲੀ ਗੱਲ ਸੀ। |
| 171 | ਇਸ ਵਿੱਚ ਜਾਨ ਦਾ ਖ਼ਤਰਾ ਸੀ। |
| 172 | ਇਹ ਤਾਂ ਨਿੱਤ ਦਾ ਕੰਮ ਸੀ। |
| 173 | ਪੰਛੀ ਭੋਜਨ ਦੀ ਭਾਲ਼ ਵਿੱਚ ਸਨ। |
| 174 | ਚਿੜੀ ਚੋਗਾ ਚੁਗਣ ਗਈ ਸੀ। |
| 175 | ਉਹ ਸਾਰਾ ਭੋਜਨ ਤੁਹਾਡਾ ਹੀ ਹੈ। |
| 176 | ਮੱਘੂ ਚਿੱਕੜ ਵਿੱਚ ਡਿੱਗ ਪਿਆ। |
| 177 | ਉਸ ਦੇ ਦੰਦਾਂ ਵਿੱਚ ਵਿਰਲ ਸੀ। |
| 178 | ਉਸ ਦੇ ਹੱਥ ਮੂੰਹ ਤੱਕ ਪਹੁੰਚ ਗਏ। |
| 179 | ਚਿੜੀ ਟਹਿਣੀ ਉੱਤੇ ਬੈਠੀ ਸੀ। |
| 180 | ਉਸ ਨੇ ਚਿੱਕੜ ਧੋ ਲਿਆ। |

## ਚੌਥੀ ਜਮਾਤ ਦੀ ਟੈਸਟਿੰਗ ਲਈ ਵਾਕ

| | | | |
|---|---|---|---|
| 181 | ਉਹ ਧੁੱਪੇ ਲੰਮਾ ਪਿਆ ਸੀ। | 211 | ਬੱਕਰੀ ਨੇ ਖੇਤ ਉਜਾੜ ਦਿੱਤਾ। |
| 182 | ਤੇਰੇ ਕੋਲੋਂ ਬਦਬੂ ਨਹੀਂ ਆਵੇਗੀ। | 212 | ਬੱਕਰੀ ਨੂੰ ਲੂੰਗ ਬਹੁਤ ਪਸੰਦ ਸੀ। |
| 183 | ਮੱਘੂ ਝੱਟ ਨਦੀ ਵਿੱਚ ਵੜ ਗਿਆ। | 213 | ਮੀਂਹ ਪੈਣੋਂ ਨਹੀਂ ਹਟ ਰਿਹਾ। |
| 184 | ਲੱਕੜ ਖੋਖਲੀ ਹੋ ਗਈ ਸੀ। | 214 | ਵੀਰੂ ਦੇ ਆਲ਼ੇ-ਦੁਆਲ਼ੇ ਇਕੱਠ ਹੋ ਗਿਆ। |
| 185 | ਅਸੀਂ ਘਰੋਂ ਨਾਸ਼ਤਾ ਕੀਤਾ ਸੀ। | 215 | ਸ਼ਹਿਰ ਤੋਂ ਇੱਕ ਬੰਦਾ ਆਇਆ ਸੀ। |
| 186 | ਇੱਥੇ ਪੜ੍ਹਾਈ ਬਹੁਤ ਚੰਗੀ ਹੈ। | 216 | ਸਾਰੇ ਸੋਚਣ ਲਈ ਮਜ਼ਬੂਰ ਹੋ ਗਏ। |
| 187 | ਆਪਣੀ ਚੰਗੀ ਸਿਹਤ ਦਾ ਰਾਜ਼ ਦੱਸੋ। | 217 | ਭਾਗ ਇਸਦੀ ਮਾਂ ਨੂੰ ਮਾਰਦਾ ਹੈ। |
| 188 | ਉਹ ਸਾਰਾ ਦਿਨ ਖਾਣ-ਪੀਣ ਲੱਗੇ ਰਹੇ। | 218 | ਵੀਰੂ ਨੇ ਮੂੰਹ ਮਾਰਨਾ ਛੱਡ ਦਿੱਤਾ। |
| 189 | ਤੁਹਾਡੀ ਇਹ ਆਦਤ ਗ਼ਲਤ ਹੈ। | 219 | ਐਂ ਤਾਂ ਸਾਰੇ ਰੁੱਖ ਮੁੱਕ ਜਾਣਗੇ। |
| 190 | ਮੇਰੇ ਟਿਫ਼ਨ ਵਿੱਚ ਖਾਣਾ ਹੈ। | 220 | ਨਿੱਕਾ ਮੇਮਣਾ ਬਹੁਤ ਪਿਆਰਾ ਸੀ। |
| 191 | ਇਸ ਵਿੱਚ ਸਾਰੇ ਖ਼ੁਰਾਕੀ ਤੱਤ ਹਨ। | 221 | ਬੱਕਰੀ ਦਾ ਦੁੱਧ ਪਤਲਾ ਹੀ ਸੀ। |
| 192 | ਨੂਡਲਜ਼ ਵਧੀਆ ਭੋਜਨ ਨਹੀਂ ਹੈ। | 222 | ਇਹ ਸ਼ਹਿਦ ਦੀ ਮੱਖੀ ਹੈ। |
| 193 | ਚਾਕਲੇਟ ਖਾਣਾ ਗੰਦੀ ਆਦਤ ਹੈ। | 223 | ਅੰਗਰੇਜ਼ ਅਫ਼ਸਰ ਗੁੱਸੇ ਹੋ ਗਿਆ। |
| 194 | ਸਵੇਰੇ-ਸਵੇਰੇ ਰੌਲ਼ਾ ਨਾ ਪਾਓ। | 224 | ਸਰਕਾਰੀ ਦਫ਼ਤਰ ਬੰਦ ਹੋ ਗਿਆ । |
| 195 | ਚਾਕਲੇਟ ਦੰਦ ਖ਼ਰਾਬ ਕਰਦੇ ਹਨ। | 225 | ਭਾਗ ਸਿੰਘ ਉਸਦਾ ਤਾਇਆ ਸੀ। |
| 196 | ਮੈਂ ਚਿਪਸ ਨਹੀਂ ਲਵਾਂਗੀ। | 226 | ਸੁਖਦੇਵ ਨੇ ਕੋਈ ਸ਼ਰਾਰਤ ਨਾ ਕੀਤੀ। |
| 197 | ਮੇਰਾ ਸਰੀਰ ਰਿਸ਼ਟ-ਪੁਸ਼ਟ ਹੋ ਗਿਆ। | 227 | ਭਗਤ ਸਿੰਘ ਗੌਰਾਂ ਨਾਲ ਰੁੱਸ ਗਿਆ। |
| 198 | ਤੂੰ ਪਰਸੋਂ ਆਮਲੇਟ ਖਾਧਾ ਸੀ। | 228 | ਸੁਖਦੇਵ ਨੂੰ ਘੁੰਮਣ ਦਾ ਸ਼ੌਂਕ ਸੀ। |
| 199 | ਸਿਮਰਨ ਅੱਜ ਸਕੂਲ ਨਹੀਂ ਆਈ। | 229 | ਗੌਰਾਂ ਮੇਰੇ ਤੋਂ ਸੱਤ ਸਾਲ ਵੱਡੀ ਸੀ। |
| 200 | ਹਰਮਨ ਰਸੋਈ ਵਿੱਚ ਬੈਠੀ ਸੀ। | 230 | ਰੋਟੀ ਬੰਨ੍ਹ ਕੇ ਬਸਤੇ ਵਿੱਚ ਪਾ ਲਈ। |
| 201 | ਇਹ ਹੁਣ ਤੰਦਰੁਸਤ ਹੈ। | 231 | ਰਹੀਮਣ ਚਾਚੀ ਬਹੁਤ ਪਿਆਰੀ ਸੀ। |
| 202 | ਭਾਈ ਨੇ ਕੁਲਚੇ-ਛੋਲੇ ਲਿਆਂਦੇ। | 232 | ਤੇਰਾ ਸੁਭਾਅ ਚਿੜਚਿੜਾ ਹੋ ਗਿਆ ਹੈ। |
| 203 | ਇਸ ਨੂੰ ਢਕ ਕੇ ਰੱਖਿਆ ਕਰੋ। | 233 | ਰਾਜਗੁਰੂ ਮਹਾਰਾਸ਼ਟਰ ਤੋਂ ਸੀ। |
| 204 | ਭੋਜਨ ਤਾਂ ਤਿਆਰ ਹੀ ਹੈ। | 234 | ਬੇਸਬਾਲ ਬਹੁਤ ਔਖੀ ਖੇਡ ਹੈ। |
| 205 | ਮੈਂਗੋ-ਸ਼ੇਕ ਬਹੁਤ ਸੁਆਦ ਸੀ। | 235 | ਉਸ ਨੇ ਬੋਝ ਉਤਾਰ ਦਿੱਤਾ। |
| 206 | ਮੇਰਾ ਮੂੰਹ ਕਰਾਰਾ ਹੋ ਗਿਆ ਸੀ। | 236 | ਦੁਕਾਨ ਤੋਂ ਮਠਿਆਈ ਲੈ ਜਾਓ। |
| 207 | ਇਹ ਪੱਖੀ ਮੰਮੀ ਨੇ ਬਣਾਈ ਸੀ। | 237 | ਸ਼ਬਨਮ ਝੂਟੇ ਲੈ ਰਹੀ ਸੀ। |
| 208 | ਸਫ਼ਾਈ ਰੱਖਣਾ ਚੰਗੀ ਆਦਤ ਹੈ। | 238 | ਮੇਰੇ ਖਿਡੌਣੇ ਬਹੁਤ ਪਿਆਰੇ ਹਨ। |
| 209 | ਆਈਸਕ੍ਰੀਮ ਦੁੱਧ ਤੋਂ ਬਣਦੀ ਹੈ। | 239 | ਇਥੇ ਚੂੜੀਆਂ ਦੀ ਦੁਕਾਨ ਨਹੀਂ ਹੈ। |
| 210 | ਆਈਸਕ੍ਰੀਮ ਗਲ਼ਾ ਖ਼ਰਾਬ ਕਰਦੀ ਹੈ। | 240 | ਇਹ ਧਰਤੀ ਪੂਜਣਯੋਗ ਹੈ। |

| ਚੌਥੀ ਜਮਾਤ ਦੀ ਟੈਸਟਿੰਗ ਲਈ ਵਾਕ | | | |
|---|---|---|---|
| 241 | ਗੌਰਾਂ ਸੁਖਦੇਵ ਨੂੰ ਪਿਆਰ ਕਰਦੀ ਸੀ। | 246 | ਮੇਲੇ ਵਿੱਚ ਝੂਲੇ ਲੱਗੇ ਹੋਏ ਸਨ। |
| 242 | ਰਹੀਮਣ ਰਸੋਈ ਦਾ ਕੰਮ ਕਰਦੀ ਸੀ। | 247 | ਦੁਕਾਨ ਤੇ ਔਰਤਾਂ ਦੀ ਭੀੜ ਸੀ। |
| 243 | ਦੂਸਰੇ ਖਿਡਾਰੀ ਨੇ ਗੁੱਲੀ ਬੋਚ ਲਈ। | 248 | ਜਸ਼ਨ ਗੰਭੀਰ ਹੋ ਕੇ ਬੋਲ ਪਿਆ। |
| 244 | ਇਸ ਟੋਲੀ ਨੇ ਜ਼ਿਆਦਾ ਡੰਡੇ ਬਣਾਏ। | 249 | ਮੋਹਿਤ ਤੇ ਸ਼ੁਭਮ ਵੀ ਖੇਡਣ ਆਏ। |
| 245 | ਰਾਹੀ ਦੇ ਗੁੱਲੀ ਲੱਗਣ ਦਾ ਡਰ ਸੀ। | 250 | ਤੇਰੇ ਮੈਡਮ ਠੀਕ ਹੀ ਕਹਿੰਦੇ ਹਨ। |